ਮੰਨਜ਼ੂਰੀ ਨੰ: 7

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ,

ਡਿਪਟੀ ਕਮਿਸ਼ਨਰ,
ਜਿਲ੍ਹਾ ਪਟਿਆਲਾ।

ਮੀਮੋ ਨੰ: 2/1-ਪਸਪਬ/ਸ.ਯੋ./2019-20/ 4444
ਮਿਤੀ: 31/10/19 ਚੰਡੀਗੜ੍ਹ

ਵਿਸ਼ਾ:- **ਸਕੀਮ ਪੀ.ਐਮ.-3** 'Untied Funds of CM/ Dy. CM/FM' **ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਪਟਿਆਲਾ ਵਿਖੇ ਵੱਖ-ਵੱਖ ਵਿਕਾਸ ਕੰਮਾਂ ਲਈ 30.25 ਲੱਖ ਰੁਪਏ ਦੀ ਰਾਸ਼ੀ ਮੰਨਜੂਰ ਕਰਨ ਬਾਰੇ।**

ਰਾਜਪਾਲ ਪੰਜਾਬ ਜੀ, ਸਕੀਮ ਪੀ.ਐਮ.-3 'Untied Funds of CM/Dy. CM/FM' ਅਧੀਨ ਮੁੱਖ ਮੰਤਰੀ, ਪੰਜਾਬ ਜੀ ਲਈ ਸਾਲ 2019-20 ਦੌਰਾਨ ਈਅਰਮਾਰਕ ਕੀਤੇ ਗਏ ਬੰਧਨ ਮੁਕਤ ਫੰਡਾਂ ਵਿਚੋਂ ਜ਼ਿਲ੍ਹਾ ਪਟਿਆਲਾ ਵਿਖੇ **ਵੱਖ-ਵੱਖ ਵਿਕਾਸ ਕੰਮਾਂ ਲਈ 30.25 ਲੱਖ ਰੁਪਏ ਦੀ ਰਾਸ਼ੀ** ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਜਾਰੀ ਕਰਨ ਦੀ ਹੇਠ ਲਿਖੇ ਅਨੁਸਾਰ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲ੍ਹਾ: ਪਟਿਆਲਾ

(ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (4+5) |
|---|---|---|---|---|---|
| | | | 112 ਅੰਕੜੇ - 12.00 - 53 ਮੇਜਰ ਵਰਕਸ | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - 08.00 - 53 ਮੇਜਰ ਵਰਕਸ | |
| 1 | 2 | 3 | 4 | 5 | 6 |
| 1 | ਡਿਪਟੀ ਕਮਿਸ਼ਨਰ, ਪਟਿਆਲਾ | ਪਿੰਡ ਚੁਨਾਗਰਾ,ਬਲਾਕ ਪਾਤੜਾ,ਜ਼ਿਲ੍ਹਾ ਪਟਿਆਲਾ ਵਿਖੇ ਛੱਪੜ ਦਾ ਗੰਦਾ ਪਾਣੀ ਪਾਈਪਲਾਈਨ ਪਾ ਕੇ ਇਸ ਦੀ ਡਿਸਪੋਜ਼ਲ ਨਾਲ ਲੱਗਦੀ ਝੱਬੋ ਡਰੇਨ ਵਿੱਚ ਕਰਨ ਲਈ | 13.77 | 6.48 | 20.25 |
| 2 | | ਪਿੰਡ ਸੰਜਰਪੁਰ, ਬਲਾਕ ਘਨੌਰ ਦੇ 2 ਸ਼ਮਸ਼ਾਨਘਾਟਾਂ ਦੀ ਚਾਰ ਦੀਵਾਰੀ ਅਤੇ ਇੱਕ ਸੈਡ ਲਈ | 6.80 | 3.20 | 10.00 |
| | **ਕੁੱਲ ਜੋੜ** | | **20.57** | **9.68** | **30.25** |

2. ਇਹ ਸੈਂਕਸ਼ਨ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ :-

1) ਸਕੀਮ ਪੀ ਐਮ 3 ਮੁੱਖ ਮੰਤਰੀ/ਉਪ ਮੁੱਖ ਮੰਤਰੀ/ਵਿੱਤ ਅਤੇ ਯੋਜਨਾ ਮੰਤਰੀ ਦੇ ਬੰਧਨ ਮੁਕਤ ਫੰਡਾਂ ਅਧੀਨ ਰਾਸ਼ੀ ਇਸ ਵਿਭਾਗ ਦੇ ਮੀਮੋ ਨੰ:2/1/ਪਸਪਬ-ਖੋਅ(ਸ.ਯੋ.)/ਹਦਾਇਤਾ/ 2012-13/1352 ਮਿਤੀ 21/03/2013 ਰਾਹੀਂ ਜਾਰੀ ਕੀਤੀਆਂ ਅਗਵਾਹੀ ਲੀਹਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਖਰਚ ਕੀਤੀ ਜਾਵੇ।



Scanned by CamScanner

2) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਜ਼ਾਨੇ ਵਿਚੋਂ ਰਾਸ਼ੀ ਅਸਲ ਲੋੜ ਅਨੁਸਾਰ ਹੀ ਡਰਾਅ ਕਰਵਾਈ ਜਾਵੇ।

3) ਰਾਸ਼ੀ ਸਿਰਫ ਉਸ ਮੰਤਵ ਲਈ ਹੀ ਖਰਚ ਕੀਤੀ ਜਾਵੇਗੀ ਜਿਸ ਮੰਤਵ ਲਈ ਇਹ ਰਾਸ਼ੀ ਜ਼ਾਰੀ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਇਹ ਰਾਸ਼ੀ ਖਰਚ ਕਰਨ ਦੀ ਆਗਿਆ ਨਹੀਂ ਹੋਵੇਗੀ।

4) ਜੇਕਰ ਇਸ ਮੰਤਵ ਲਈ ਰਾਸ਼ੀ ਇਸ ਵਿਭਾਗ ਦੁਆਰਾ ਪਹਿਲਾਂ ਵੀ ਜ਼ਾਰੀ ਕੀਤੀ ਗਈ ਹੈ ਜਾਂ ਹੋਰ ਸਾਧਨਾਂ ਤੋਂ ਪ੍ਰਾਪਤ ਹੋ ਚੁੱਕੀ ਹੈ ਤਾਂ ਅਨੁਮਾਨਤ ਲਾਗਤ ਦੇ ਫਰਕ ਨੂੰ ਮੀਟ ਕਰਨ ਲਈ ਲੋੜੀਂਦੀ ਰਾਸ਼ੀ ਹੀ ਸਰਕਾਰੀ ਖਜ਼ਾਨੇ ਵਿਚੋਂ ਡਰਾਅ ਕਰਵਾਈ ਜਾਵੇ। ਰਾਸ਼ੀ ਜ਼ਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਵਿਭਾਗ/ਏਜੰਸੀ ਤੋਂ ਇਸ ਸਬੰਧੀ ਯਕੀਨੀ ਬਣਾ ਲਿਆ ਜਾਵੇ।

5) ਨਿੱਜੀ ਸੰਸਥਾਵਾਂ/ਸਵੈ-ਇੱਛਾ ਸੰਗਠਨਾਂ ਨੂੰ ਕੋਈ ਰਾਸ਼ੀ ਜ਼ਾਰੀ ਨਹੀਂ ਕੀਤੀ ਜਾਵੇਗੀ ਅਤੇ ਕੰਮ ਸਰਕਾਰੀ ਏਜੰਸੀ ਦੁਆਰਾ ਹੀ ਕਰਵਾਇਆ ਜਾਵੇ।

6) ਖਰਚੇ ਨੂੰ ਮਹਾਂਲੇਖਾਕਾਰ, ਪੰਜਾਬ ਦੇ ਦਫ਼ਤਰ ਨਾਲ ਮਿਲਾਨ ਕਰਵਾਉਣਾ ਅਤੇ ਏ.ਸੀ./ਡੀ.ਸੀ. ਬਿਲ ਭੇਜਣੇ ਯਕੀਨੀ ਬਣਾਏ ਜਾਣ।

7) ਸਬੰਧਤ ਵਿਭਾਗ/ਕਾਰਜਕਾਰੀ ਏਜੰਸੀ ਤੋਂ ਰਲੀਜ ਕੀਤੇ ਗਏ ਫੰਡਾਂ ਦੇ ਖਪਤ ਸਰਟੀਫਿਕੇਟ ਜਿੰਨੀ ਜਲਦੀ ਹੋ ਸਕੇ, ਪ੍ਰਾਪਤ ਕੀਤੇ ਜਾਣ ।

8) ਜਿੱਥੇ ਜਰੂਰੀ ਹੋਵੇ, ਰਾਸ਼ੀ ਜ਼ਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ ।

3. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ:FD/FE6/ Senior Assistant 1, FE 6/CGSNO324913 ਮਿਤੀ 26-07-2019 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

ਜਸਪਾਲ ਸਿੰਘ
ਪ੍ਰਮੁੱਖ ਸਕੱਤਰ ਯੋਜਨਾ

ਮਿਤੀ: 29-10-2019

ਪਿੱਠ ਅੰਕਣ ਨੰ:2/1-ਪਸਪਬ/ਸ.ਯੋ./2019-20/ 4445-4448 ਮਿਤੀ: 31/10/19

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸੁਪਰਡੰਟ ਵਿੱਤ ਵਿਭਾਗ (ਵਿੱਤ ਖਰਚਾ-6 ਸ਼ਾਖਾ)
2. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।
3. ਮਹਾਂਲੇਖਾਕਾਰ (ਏ.ਐਂਡ ਈ.),ਪੰਜਾਬ, ਚੰਡੀਗੜ੍ਹ ।
4. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਪੰਜਾਬ, ਚੰਡੀਗੜ੍ਹ ।

30/10/2019
ਡਾਇਰੈਕਟਰ

ਪਿੱਠ ਅੰਕਣ ਨੰ: 2/1-ਪਸਪਬ/ਸ.ਯੋ./2019-20/ 4449 ਮਿਤੀ: 31/10/19

ਉਤਾਰਾ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਜੀ ਨੂੰ ਉਨ੍ਹਾਂ ਦੇ ਪਿ.ਅੰ.ਨੰ:8/81/2019 ਮੁੱ.ਮੰ.ਦ/ਜੀ.ਏ.2/208 ਅਤੇ 219 ਮਿਤੀ 21-10-2019 ਦੇ ਸਬੰਧ ਵਿੱਚ ਮੁੱਖ ਮੰਤਰੀ,ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

30/10/2019
ਡਾਇਰੈਕਟਰ

ਪਿੱਠ ਅੰਕਣ ਨੰ: 2/1-ਪਸਪਬ/ਸ.ਯੋ./2019-20/ 4450-4456 ਮਿਤੀ: 31/10/19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਜਿਲ੍ਹਾ ਪਟਿਆਲਾ।
2. ਉਪ-ਅਰਥ ਅਤੇ ਅੰਕੜਾ ਸਲਾਹਕਾਰ, ਜਿਲ੍ਹਾ ਪਟਿਆਲਾ।
3. ਡਿਪਟੀ ਕੰਟਰੋਲਰ(ਐਫ. ਐਡ ਏ.),ਅੰਦਰੂਨੀ ਆਡਿਟ ਸੰਸਥਾ, ਜਿਲ੍ਹਾ ਪਟਿਆਲਾ।
4. ਜਿਲ੍ਹਾ ਖਜ਼ਾਨਾ ਅਫ਼ਸਰ, ਜਿਲ੍ਹਾ ਪਟਿਆਲਾ।
5. ਸੰਯੁਕਤ ਸਕੱਤਰ-ਕਮ-ਡਾਇਰੈਕਟਰ, ਸਪੈਸ਼ਲ ਕੰਪੋਨੈਂਟ ਸਬ ਪਲਾਨ, ਭਲਾਈ ਵਿਭਾਗ, ਪੰਜਾਬ, ਸੈਕਟਰ 17, ਚੰਡੀਗੜ੍ਹ।
6. ਸੁਪਰਡੰਟ, ਜਨਰਲ ਸ਼ਾਖਾ, ਦਫ਼ਤਰ ਮੁੱਖ ਮੰਤਰੀ, ਪੰਜਾਬ, ਕਮਰਾ ਨੰ:20, ਪੰਜਾਬ,ਸਿਵਲ ਸਕੱਤਰੇਤ।
7. ਪ੍ਰੋਗਰਾਮਰ, ਪੰਜਾਬ ਰਾਜ ਯੋਜਨਾ ਬੋਰਡ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸੈਕਸ਼ਨ ਨੂੰ ਨਿਰਧਾਰਤ ਹੈਂਡ ਵਿੱਚ ਅਪਲੋਡ ਕਰਦੇ ਹੋਏ ਇਸ ਸ਼ਾਖਾ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

30/10/2019
ਡਾਇਰੈਕਟਰ

ਕਾਪੀ ਵੱਲ-

ਨਿੱਜੀ ਸਕੱਤਰ/ ਪ੍ਰਮੁੱਖ ਸਕੱਤਰ, ਯੋਜਨਾ
ਨਿੱਜੀ ਸਹਾਇਕ/ਵਿਸ਼ੇਸ਼ ਸੱਕਤਰ ਯੋਜਨਾ



Scanned by CamScanner